**ਨਮੂਨਾ ਪ੍ਰਸ਼ਨ ਪੱਤਰ**

# ਵਿੱਦਿਅਕ ਸਾਲ 2022-2023

# ਸ਼੍ਰੇਣੀ - ਅੱਠਵੀਂ

# ਵਿਸ਼ਾ - ਖੇਤੀਬਾੜੀ (ਲਿਖਤੀ)

**ਸਮਾਂ : $2\frac{1}{2}$ ਘੰਟੇ** **ਕੁੱਲ ਅੰਕ : 50**

**ਭਾਗ - I**

**ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਦੇ ਠੀਕ ਉੱਤਰ ਚੁਣੋ :**

**1.** ਚੀਕਣੀਆਂ ਜ਼ਮੀਨਾਂ ਕਿਹੜੀ ਫ਼ਸਲ ਲਈ ਚੰਗੀਆਂ ਹੁੰਦੀਆਂ ਹਨ ?

(ੳ) ਮੂੰਗਫਲੀ (ਅ) ਝੋਨਾ (ੲ) ਸਰ੍ਹੋਂ **1**

**2.** ਇੱਕ ਹੈਕਟੇਅਰ ਵਿੱਚ ਕਿੰਨੇ ਏਕੜ ਹੁੰਦੇ ਹਨ ?

(ੳ) 25 ਏਕੜ (ਅ) 2.5 ਏਕੜ (ੲ) 5.2 ਏਕੜ **1**

**3.** ਸੂਰਜੀ ਊਰਜਾ ਨਾਲ ਪਾਣੀ ਗਰਮ ਕਰਨ ਲਈ ਕਿਹੜੇ ਉਪਕਰਨ ਦੀ ਵਰਤੋਂ ਕੀਤੀ ਜਾਂਦੀ ਹੈ ?

(ੳ) ਸੋਲਰ ਵਾਟਰ ਹੀਟਰ (ਅ) ਸੋਲਰ ਲਾਲਟੈਣ (ੲ) ਸੋਲਰ ਡਰਾਇਅਰ **1**

**4.** ਕਿਹੜਾ ਪੌਦਾ ਤਣਾ ਕਲਮ ਰਾਹੀਂ ਨਵਾਂ ਤਿਆਰ ਕੀਤਾ ਜਾਂਦਾ ਹੈ ?

(ੳ) ਪਪੀਤਾ (ਅ) ਜਾਮੁਨ (ੲ) ਗੁਲਾਬ **1**

**5.** ਕਿਹੜੀ ਭੂਮੀ ਵਿੱਚ ਪਾਣੀ ਲਾਉਂਦੇ ਸਾਰ ਹੀ ਜਜ਼ਬ ਹੋ ਜਾਂਦਾ ਹੈ ?

(ੳ) ਰੇਤਲੀ (ਅ) ਚੀਕਣੀ (ੲ) ਮੈਰਾ **1**

**6.** ਪਿਆਜ ਦੀ ਇੱਕ ਏਕੜ ਦੀ ਪਨੀਰੀ ਤਿਆਰ ਕਰਨ ਲਈ ਕਿੰਨਾ ਬੀਜ ਬੀਜਣਾ ਚਾਹੀਦਾ ਹੈ ?

(ੳ) 4-5 ਕਿਲੋ (ਅ) 8-10 ਕਿਲੋ (ੲ) 20-25 ਕਿਲੋ **1**

**7.** ਨਵੀਂ ਜਮ੍ਹਾਂਬੰਦੀ ਕਿੰਨੇ ਸਾਲਾਂ ਬਾਅਦ ਤਿਆਰ ਹੁੰਦੀ ਹੈ ?

(ੳ) 2 (ਅ) 3 (ੲ) 5 **1**

**8.** ਗ਼ੈਰ-ਰਵਾਇਤੀ ਊਰਜਾ ਦਾ ਸੋਮਾ ਕਿਹੜਾ ਹੈ ?

(ੳ) ਪੈਟਰੋਲ (ਅ) ਕੋਲਾ (ੲ) ਬਾਇਓ ਗੈਸ **1**

**9.** ਭੂਮੀ ਦੀ ਪੈਮਾਇਸ਼ ਕਰਨ ਲਈ ਲੋਹੇ ਦੀਆਂ ਕੜੀਆਂ ਦੀ ਬਣੀ ਹੋਈ ਚੇਨ ਨੂੰ ਕੀ ਕਹਿੰਦੇ ਹਨ ?

(ੳ) ਲੱਠਾ (ਅ) ਜ਼ਰੀਬ (ੲ) ਸ਼ਿਜਰਾ **1**

**10.** ਸਰਦੀ ਰੁੱਤ ਦਾ ਫੁੱਲ ਕਿਹੜਾ ਹੈ ?

(ੳ) ਫਲੋਕਸ (ਅ) ਜ਼ੀਨੀਆ (ੲ) ਕੋਚੀਆ **1**

**11.** ਸ਼ਿਵਾਲਿਕ ਦੀ ਪਹਾੜੀਆਂ ਦੇ ਨੇੜ੍ਹੇ ਪੈਂਦੇ ਇਲਾਕੇ ਨੂੰ ਕਿਹੜਾ ਇਲਾਕਾ ਕਿਹਾ ਜਾਂਦਾ ਹੈ ?

(ੳ) ਨੀਮ ਪਹਾੜੀ ਇਲਾਕਾ (ਅ) ਕੇਂਦਰੀ ਭਾਗ (ੲ) ਦੱਖਣ-ਪੱਛਮੀ ਇਲਾਕਾ **1**

**12.** ਸ਼ਹਿਦ ਦੀ ਮੱਖੀ ਦੀ ਸਭ ਤੋਂ ਗੁੱਸੇਖ਼ੋਰ ਕਿਸਮ ਕਿਹੜੀ ਹੈ ?

(ੳ) ਇਟਾਲੀਅਨ ਮੱਖੀ (ਅ) ਲੱਡੂ ਮੱਖੀ (ੲ) ਡੂੰਮਣਾ ਮੱਖੀ **1**

**13.** ਸਰਦੀ ਰੁੱਤ ਵਿੱਚ ਬਟਨ ਖੁੰਬਾਂ ਦੀਆਂ ਕਿੰਨੀਆਂ ਫ਼ਸਲਾਂ ਪ੍ਰਾਪਤ ਕੀਤੀਆਂ ਜਾਂਦੀਆਂ ਹਨ ?

(ੳ) ਇੱਕ (ਅ) ਚਾਰ (ੲ) ਦੋ 1

**14.** ਖੁੰਬਾਂ ਦੀ ਪੈਕਿੰਗ ਲਈ ਇੱਕ ਲਿਫਾਫੇ ਵਿੱਚ ਕਿੰਨੀਆਂ ਖੁੰਬਾਂ ਭਰਨੀਆਂ ਚਾਹੀਦੀਆਂ ਹਨ ?

(ੳ) 50 ਗ੍ਰਾਮ (ਅ) 25 ਗ੍ਰਾਮ (ੲ) 250 ਗ੍ਰਾਮ 1

**15.** ਨਰ ਸ਼ਹਿਦ ਮੱਖੀਆਂ ਨੂੰ ਹੋਰ ਕਿਹੜੇ ਨਾਂ ਨਾਲ ਜਾਣਿਆ ਜਾਂਦਾ ਹੈ ?

(ੳ) ਕਾਮਾ ਮੱਖੀ (ਅ) ਰਾਣੀ ਮੱਖੀ (ੲ) ਡਰੋਨ (ਨਿਖੱਟੂ) ਮੱਖੀ 1

**16.** ਫ਼ਲੀਦਾਰ ਫ਼ਸਲਾਂ ਨੂੰ ਖੇਤ ਵਿੱਚ ਹੀ ਜ਼ਮੀਨ ਵਿੱਚ ਵਾਹੁਣ ਨਾਲ ਕਿਹੜੀ ਖਾਦ ਬਣਦੀ ਹੈ ?

(ੳ) ਰੂੜੀ ਖਾਦ (ਅ) ਕੰਪੋਸਟ ਖਾਦ (ੲ) ਹਰੀ ਖਾਦ 1

**17.** ਖੁੰਬਾਂ ਦੀ ਮੱਖੀ ਤੋਂ ਬਚਾਅ ਲਈ ਕਿਹੜੀ ਦਵਾਈ ਵਰਤਣੀ ਚਾਹੀਦੀ ਹੈ ?

(ੳ) ਨੁਵਾਨ (ਅ) ਰਾਊਂਡ ਅੱਪ (ੲ) 2, 4-ਡੀ 1

**18.** ਕੱਚਾ ਸ਼ਹਿਦ ਕੱਢਣ ਨਾਲ ਇਸ ਦਾ ਸਵਾਦ ਕਿਹੋ ਜਿਹਾ ਹੋ ਜਾਂਦਾ ਹੈ ?

(ੳ) ਮਿੱਠਾ (ਅ) ਖੱਟਾ (ੲ) ਕੌੜਾ 1

**19.** ਭਾਰਤ ਵਿੱਚ ਕਿਹੜੀਆਂ ਫ਼ਸਲਾਂ ਦਾ ਘੱਟ ਉਤਪਾਦਨ ਹੋਣ ਕਰਕੇ ਤੇਲ ਬਾਹਰਲੇ ਮੁਲਕਾਂ ਤੋਂ ਮੰਗਵਾਉਣਾ ਪੈਂਦਾ ਹੈ ?

(ੳ) ਅਨਾਜ ਵਾਲੀਆਂ ਫ਼ਸਲਾਂ (ਅ) ਚਾਰੇ ਵਾਲੀਆਂ ਫ਼ਸਲਾਂ (ੲ) ਤੇਲ ਬੀਜ ਫ਼ਸਲਾਂ 1

**20.** ਕਟੁੰਬ ਵਿਚਲੀ ਰਾਣੀ ਮੱਖੀ ਕਿੰਨੀ ਦੇਰ ਬਾਅਦ ਨਵੀਂ ਰਾਣੀ ਮੱਖੀ ਨਾਲ ਬਦਲ ਦੇਣੀ ਚਾਹੀਦੀ ਹੈ ?

(ੳ) ਇੱਕ ਮਹੀਨੇ ਬਾਅਦ (ਅ) ਇੱਕ ਹਫ਼ਤੇ ਬਾਅਦ (ੲ) ਇੱਕ ਸਾਲ ਬਾਅਦ 1

## ਭਾਗ - II

**ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ-ਦੋ ਵਾਕਾਂ ਵਿੱਚ ਦਿਓ :**

**21.** ਖ਼ਾਰੀਆਂ ਜ਼ਮੀਨਾਂ ਦੇ ਸੁਧਾਰ ਲਈ ਕਿਹੜਾ ਪਦਾਰਥ ਵਰਤਿਆ ਜਾਂਦਾ ਹੈ ? 2

**22.** ਘਰ ਬੈਠੇ ਕੰਪਿਊਟਰ ਤੇ ਜ਼ਮੀਨ ਦਾ ਰਿਕਾਰਡ ਕਿਹੜੀ ਵੈੱਬਸਾਈਟ ਤੇ ਵੇਖਿਆ ਜਾ ਸਕਦਾ ਹੈ ? 2

**23.** ਸੋਲਰ ਕੁੱਕਰ ਵਿੱਚ ਸੁਕਾਈਆਂ ਜਾਣ ਵਾਲੀਆਂ ਕਿਸੇ ਦੋ ਵਸਤੂਆਂ ਦੇ ਨਾਂ ਲਿਖੋ । 2

**24.** ਮੱਕੀ ਅਧਾਰਿਤ ਕਿਸੇ ਦੋ ਫ਼ਸਲੀ ਚੱਕਰਾਂ ਦੇ ਨਾਂ ਲਿਖੋ । 2

**25.** ਸ਼ਹਿਦ ਦੀ ਮੱਖੀ ਦੀਆਂ ਦੋ ਪਾਲਤੂ ਕਿਸਮਾਂ ਦੇ ਨਾਂ ਲਿਖੋ । 2

## ਭਾਗ - III

**ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਤਿੰਨ-ਚਾਰ ਵਾਕਾਂ ਵਿੱਚ ਦਿਓ :**

**26.** ਚੀਕਣੀਆਂ ਜ਼ਮੀਨਾਂ ਨੂੰ ਸੁਧਾਰਨ ਦੇ ਕੋਈ ਚਾਰ ਉਪਾਅ ਲਿਖੋ । 4

ਜਾਂ

ਸ਼ਿਜਰਾ ਕੀ ਹੁੰਦਾ ਹੈ ? ਇਸ ਦੇ ਤਿੰਨ ਹੋਰ ਨਾਂ ਕਿਹੜੇ-ਕਿਹੜੇ ਹਨ ? 4

**27.** ਪਨੀਰੀ ਤਿਆਰ ਕਰਨ ਲਈ ਜ਼ਮੀਨ ਦੀ ਚੋਣ ਕਰਨ ਵੇਲੇ ਧਿਆਨ ਰੱਖਣ ਯੋਗ ਕੋਈ ਚਾਰ ਗੱਲਾਂ ਲਿਖੋ । 4

ਜਾਂ

ਸੂਰਜੀ ਊਰਜਾ ਤੋਂ ਅਸੀਂ ਵੱਖ-ਵੱਖ ਤਰੀਕਿਆਂ ਨਾਲ ਕਿਵੇਂ ਫ਼ਾਇਦਾ ਲੈ ਸਕਦੇ ਹਾਂ ? 4

**28.** ਟਾਹਲੀ ਦੀ ਨਰਸਰੀ ਤਿਆਰ ਕਰਨ ਬਾਰੇ ਸੰਖੇਪ ਜਾਣਕਾਰੀ ਦਿਓ । 4

ਜਾਂ

ਇੱਕ ਖਾਕਾ ਚਿੱਤਰ ਰਾਹੀਂ ਭੂਮੀ ਦੇ ਮੁੱਖ ਭਾਗਾਂ ਨੂੰ ਦਰਸਾਓ । 4

**29.** ਖੁੰਬਾਂ ਦਾ ਸਾਡੇ ਭੋਜਨ ਵਿੱਚ ਕੀ ਮਹੱਤਵ ਹੈ ? 4

ਜਾਂ

ਸ਼ਹਿਦ ਮੱਖੀ ਪਾਲਣ ਲਈ ਮੌਜੂਦਾ ਸਬਸਿਡੀ ਸਹੂਲਤਾਂ ਕੀ ਹਨ ? 4

**30.** ਰਲਵੀਂ ਫ਼ਸਲ ਪ੍ਣਾਲੀ ਕੀ ਹੈ ? ਇਸ ਦੇ ਕੋਈ ਦੋ ਲਾਭ ਲਿਖੋ । 4

ਜਾਂ

ਸ਼ਹਿਦ ਮੱਖੀ ਫਾਰਮ ਲਈ ਜ਼ਮੀਨ ਦੀ ਚੋਣ ਕਰਨ ਵੇਲੇ ਧਿਆਨ ਰੱਖਣ ਯੋਗ ਕੋਈ ਚਾਰ ਗੱਲਾਂ ਲਿਖੋ । 4

***************************